**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,**
**ਫੇਜ-8, ਅਜੀਤਗੜ੍ਹ (ਮੋਹਾਲੀ), ਪੰਜਾਬ**

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

**ਮੀਮੋ ਨੰ : ਸਸਅ/ਐਮ.ਸੀ./2014/੬੪੪-੨** **ਮਿਤੀ25.../03/2014**

**ਵਿਸ਼ਾ : ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕ-ਮਾਪੇ ਮਿਲਣੀ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਮਿਤੀ 07-04-2014 ਨੂੰ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਵਲੋਂ ਜਾਰੀ ਪੱਤਰ ਨੰ: ਸਸਅ/ਐਮ.ਸੀ./2014/3377-3379 ਮਿਤੀ 21-03-2014 ਵਿਚ ਸੋਧ ਕਰਦੇ ਹੋਏ ਅਧਿਆਪਕ-ਮਾਪੇ ਮਿਲਣੀ ਮਿਤੀ 26-03-2014 ਤੋਂ ਤਬਦੀਲ ਕਰਕੇ ਮਿਤੀ 07-04-2014 ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਵੱਖ-ਵੱਖ ਜੱਥੇਬੰਦੀਆਂ ਅਤੇ ਮਾਪਿਆਂ ਵਲੋਂ ਆਏ ਸੁਝਾਵਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ।

ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 31-03-2014 ਤੱਕ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕਰਨ ਅਤੇ ਵਿਦਿਆਰਥੀਆਂ ਦੀ ਵਿਦਿਅਕ ਕਾਰਗੁਜ਼ਾਰੀ ਅਤੇ ਨਤੀਜਿਆਂ ਸਬੰਧੀ ਮਾਪਿਆਂ ਨੂੰ ਮਿਤੀ 07-04-2014 ਨੂੰ ਹੋਣ ਵਾਲੀ ਅਧਿਆਪਕ-ਮਾਪੇ ਮਿਲਣੀ ਵਿਚ ਜਾਣੂ ਕਰਵਾਉਣ। ਇਸ ਮੀਟਿੰਗ ਸਬੰਧੀ ਬਾਕੀ ਦਿਸ਼ਾਨਿਰਦੇਸ਼ ਆਦਿ ਇਸ ਦਫਤਰ ਵਲੋਂ ਜਾਰੀ ਹਵਾਲਾ ਅਧੀਨ ਪੱਤਰ ਅਨੁਸਾਰ ਹੀ ਰਹਿਣਗੇ।

**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,**
**ਪੰਜਾਬ**

o/c

**ਪਿੱਠ ਅੰਕਣ ਨੰ : ਸਸਅ/ਐਮ.ਸੀ./2014/੬੪੪-੩** **ਮਿਤੀ25../03/2014**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1) ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਇਸ ਬੇਨਤੀ ਨਾਲ ਕਿ ਜਿਲ੍ਹਾ ਪ੍ਰੀਸ਼ਦਾਂ ਅਧੀਨ ਪੈਂਦੇ ਸਕੂਲਾਂ ਵਿੱਚ ਇਸ ਮਾਪੇ-ਅਧਿਆਪਕ ਮਿਲਣੀ ਕਰਵਾਉਣ ਹਿੱਤ, ਹਦਾਇਤਾਂ ਜਾਰੀ ਕਰਨ ਅਤੇ ਇਨ੍ਹਾਂ ਮਿਲਣੀਆਂ ਦੀ ਨਿਗਰਾਨੀ ਕਰਨ ਲਈ ਸਮੂਹ ਫੀਲਡ ਅਧਿਕਾਰੀਆਂ ਨੂੰ ਹਦਾਇਤ ਕਰਨ।

2) ਡੀ.ਪੀ.ਆਈ. (ਸੈ.ਸਿ.) ਅਤੇ ਡੀ.ਪੀ.ਆਈ. (ਐ.ਸਿ.) ਨੂੰ ਇਸ ਬੇਨਤੀ ਨਾਲ ਕਿ ਇਨ੍ਹਾਂ ਮੀਟਿੰਗਾਂ ਵਾਲੇ ਦਿਨ ਸਕੂਲਾਂ ਦਾ ਦੌਰਾ ਕੀਤਾ ਜਾਵੇ ਅਤੇ ਆਪਣੇ ਅਧੀਨ ਅਧਿਕਾਰੀਆਂ ਦੀਆਂ ਵੱਖ-ਵੱਖ ਖੇਤਰਾਂ ਵਿੱਚ ਦੌਰੇ ਕਰਨ ਦੀ ਡਿਊਟੀ ਲਗਾਈ ਜਾਵੇ।

**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,**
**ਪੰਜਾਬ**

o/c